# ਮੁਗਧਾ ਦਾ ਭੂਤੀਆ ਗਿਆਨ





ਮੁਗਧਾ ਗੋਡਸੇ ਇੱਕ ਬਹੁਤ ਹਿੰਮਤੀ ਕੁੜੀ ਹੈ ਅਤੇ ਆਪਣੇ ਹਿੰਮਤੀ ਸੁਭਾਅ ਕਾਰਨ ਹੀ ਉਸ ਨੂੰ ਆਪਣੀ ਆਉਣ ਵਾਲੀ ਸੁਪਰਨੈਚੁਰਲ ਫ਼ਿਲਮ 'ਹੈਲਪ' ਵਿੱਚ ਅਦਾਕਾਰੀ ਕਰਨ ਵੇਲੇ ਕੋਈ ਔਖਿਆਈ ਪੇਸ਼ ਨਹੀਂ ਆਈ। ਇਸ ਫ਼ਿਲਮ 'ਚ ਉਹ ਇੱਕ ਪੋਜ਼ੈਸਿਵ ਪ੍ਰੇਮਿਕਾ ਦਾ ਕਿਰਦਾਰ ਨਿਭਾਅ ਰਹੀ ਹੈ। ਆਪਣੇ ਕਿਰਦਾਰ 'ਚ ਇਸੇ ਜਨੂੰਨ ਨੂੰ ਭਰਨ ਲਈ ਉਸ ਨੇ ਆਪਣੇ 'ਭੂਤੀਆ ਤਜਰਬਿਆਂ' ਦੀ ਵਰਤੋਂ ਕੀਤੀ।

ਮੁਗਧਾ ਦਾ ਕਹਿਣੈ ਕਿ ਸੁਪਰਨੈਚੁਰਲ ਸ਼ਕਤੀਆਂ 'ਚ ਉਸ ਦਾ ਯਕੀਨ ਆਪਣੀ ਇੱਕ ਜਰਮਨੀ ਦੀ ਯਾਤਰਾ ਦੌਰਾਨ ਹੋਏ ਤਜਰਬੇ ਦਾ ਨਤੀਜਾ ਹੈ, ਜਿੱਥੇ ਉਹ ਇੱਕ ਮਾਡਲਿੰਗ ਟ੍ਰਿਪ 'ਤੇ ਗਈ ਸੀ। ਮੁਗਧਾ ਨੇ ਦੱਸਿਆ ਕਿ ਹੋਟਲ ਦੇ ਜਿਸ ਕਮਰੇ 'ਚ ਉਹ ਆਪਣੀ ਇੱਕ ਸਾਥੀ ਮਾਡਲ ਨਾਲ ਠਹਿਰੀ ਹੋਈ ਸੀ, ਉੱਥੇ ਉਸ ਨੇ ਕਿਸੇ ਦੇ ਬੋਲਣ ਦੀਆਂ ਅਵਾਜ਼ਾਂ ਸੁਣੀਆਂ।

ਦੋਹਾਂ ਨੇ ਸਮਝਿਆ ਕਿ ਉਨ੍ਹਾਂ ਦੋਹਾਂ 'ਚੋਂ ਹੀ ਕੋਈ ਬੋਲ ਰਿਹਾ ਹੈ, ਜਦ ਕਿ ਉਹ ਦੋਵੇਂ ਤਾਂ ਚੁੱਪ ਸਨ। ਹਾਲਾਤ ਉਦੋਂ ਹੋਰ ਵੀ ਡਰਾਉਣੇ ਹੋ ਗਏ, ਜਦੋਂ ਕਮਰੇ ਦੀਆਂ ਬੱਤੀਆਂ ਆਪਣੇ-ਆਪ ਜਗਣ-ਬੁਝਣ ਲੱਗੀਆਂ। ਸੂਚਨਾ ਮਿਲਣ 'ਤੇ ਹੋਟਲ ਦੇ ਪ੍ਰਬੰਧਕਾਂ ਨੇ ਤੁਰੰਤ ਮੁਗਧਾ ਅਤੇ ਉਸ ਦੀ ਰੂਮ-ਮੇਟ ਨੂੰ ਦੂਜੇ ਕਮਰੇ 'ਚ ਸ਼ਿਫਟ ਕਰ ਦਿੱਤਾ, ਪਰ ਮੁਗਧਾ ਦਾ ਕਹਿਣੈ ਕਿ ਇਸ ਤਜਰਬੇ ਨਾਲ ਉਸ ਨੂੰ ਭਰੋਸਾ ਹੋ ਗਿਐ ਕਿ ਭੂਤ-ਪ੍ਰੇਤ ਜ਼ਰੂਰ ਹੁੰਦੇ ਹਨ।

ਭੂਤਾਂ ਬਾਰੇ ਆਪਣੀ ਜਾਣਕਾਰੀ ਦਾ ਖ਼ੁਲਾਸਾ ਕਰਦਿਆਂ ਮੁਗਧਾ ਨੇ ਕਿਹਾ, "ਅਸੀਂ ਭੂਤਾਂ ਤੋਂ ਇਸ ਲਈ ਡਰਦੇ ਹਾਂ, ਕਿਉਂਕਿ ਉਹ ਦੋ ਸੰਸਾਰਾਂ 'ਚ ਰਹਿੰਦੇ ਹਨ। ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਅਸੀਂ ਉਨ੍ਹਾਂ ਕੋਲੋਂ ਡਰਦੇ ਹਾਂ, ਤਾਂ ਉਹ ਇਸ ਦਾ ਮਜ਼ਾ ਲੈਂਦੇ ਹਨ।"

# ਨਵੀਂ ਫ਼ਿਲਮ 'ਮਿਲੇਂਗੇ-ਮਿਲੇਂਗੇ'




ਇਸ ਫ਼ਿਲਮ ਦੀ ਕਹਾਣੀ ਸ਼ੁਰੂ ਹੁੰਦੀ ਹੈ ਅਮਿਤ (ਸ਼ਾਹਿਦ ਕਪੂਰ) ਅਤੇ ਪ੍ਰਿਆ (ਕਰੀਨਾ ਕਪੂਰ) ਦੀ ਮੁਲਾਕਾਤ ਨਾਲ। ਦੋਹਾਂ ਦੀ ਮੁਲਾਕਾਤ ਬੈਂਕਾਕ ਦੇ ਯੂਥ ਫੈਸਟੀਵਲ 'ਚ ਹੁੰਦੀ ਹੈ। ਅੱਜਕਲ ਦੇ ਕਾਲਜੀਏਟਾਂ ਨਾਲੋਂ ਪ੍ਰਿਆ ਬਿਲਕੁਲ ਵੱਖਰੀ ਹੈ। ਦਿਲੋਂ ਰੋਮਾਂਟਿਕ ਪ੍ਰਿਆ ਨੇ ਆਪਣੇ ਜੀਵਨ ਸਾਥੀ ਦੀ ਇੱਕ ਇਮੇਜ ਆਪਣੇ ਦਿਲ 'ਚ ਬਣਾਈ ਹੋਈ ਹੈ। ਉਸ ਨੂੰ ਇੱਕ ਅਜਿਹੇ ਮੁੰਡੇ ਦੀ ਭਾਲ ਹੈ, ਜੋ ਸਿਗਰਟਨੋਸ਼ੀ ਤੋਂ ਦੂਰ ਰਹਿੰਦਾ ਹੋਵੇ। ਡ੍ਰਿੰਕ ਨਾ ਕਰਦਾ ਹੋਵੇ ਅਤੇ ਨਾਲ ਹੀ ਝੂਠ ਵੀ ਨਾ ਬੋਲਦਾ ਹੋਵੇ।

ਦੂਜੇ ਪਾਸੇ ਅਮਿਤ ਬਿਲਕੁਲ ਇਸ ਤੋਂ ਉਲਟ ਹੈ, ਜੋ ਗੁਣ ਪ੍ਰਿਆ ਨੂੰ ਚਾਹੀਦੇ, ਉਨ੍ਹਾਂ 'ਚੋਂ ਉਸ 'ਚ ਇੱਕ ਵੀ ਗੁਣ ਨਹੀਂ ਹੈ। ਪ੍ਰਿਆ ਦੀ ਲਾਈਫ ਪਾਰਟਨਰ ਦੀ ਪਰਿਭਾਸ਼ਾ 'ਚ ਅਮਿਤ ਤਾਂ ਬਿਲਕੁਲ ਵੀ ਫਿੱਟ ਨਹੀਂ ਹੈ। ਉਹ ਸ਼ਰਾਬ ਤਾਂ ਪਾਣੀ ਵਾਂਗ ਪੀਂਦਾ ਹੈ। ਉਸ ਨੂੰ ਚੇਨ ਸਮੋਕਰ ਮੰਨਿਆ ਜਾਂਦਾ ਹੈ। ਝੂਠ ਬੋਲਣ ਲਈ ਬਹਾਨੇ ਬਣਾਉਣਾ ਉਸ ਦਾ ਸ਼ੁਗਲ ਹੈ।

ਇਸੇ ਦੌਰਾਨ ਇੱਕ ਦਿਨ ਪ੍ਰਿਆ ਦੀ ਪਰਸਨਲ ਡਾਇਰੀ ਅਮਿਤ ਦੇ ਹੱਥ ਲੱਗ ਜਾਂਦੀ ਹੈ। ਉਹ ਪੜ੍ਹ ਕੇ ਇਹ ਸਭ ਕੁਝ ਜਾਣ ਲੈਂਦਾ ਹੈ




ਕਿ ਪ੍ਰਿਆ ਨੂੰ ਕਿਹੋ ਜਿਹਾ ਜੀਵਨ ਸਾਥ ਚਾਹੀਦੈ। ਉਹ ਪ੍ਰਿਆ ਅੱਗੇ ਖ਼ੁਦ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ, ਜਿਹੋ ਜਿਹਾ ਜੀਵਨ ਸਾਥੀ ਪ੍ਰਿਆ ਚਾਹੁੰਦੀ ਸੀ। ਹੁਣ ਪ੍ਰਿਆ ਤਾਂ ਉਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੀ। ਫਿਰ ਦੋਵੇਂ ਬੈਂਕਾਕ ਇਕੱਠੇ ਘੁੰਮਦੇ ਹਨ। ਹਰ ਵੇਲੇ ਇੱਕ-ਦੂਜੇ ਦੇ ਨਾਲ ਰਹਿਣ ਕਾਰਨ ਉਨ੍ਹਾਂ 'ਚ ਨੇੜਤਾ ਵੱਧ ਜਾਂਦੀ ਹੈ। ਇੱਥੇ ਯੂਥ ਫੈਸਟੀਵਲ ਦੇ ਖ਼ਤਮ ਹੋਣ 'ਤੇ ਦੋਵੇਂ ਵਾਪਸ ਦਿੱਲੀ ਪਰਤਣ ਦੀ ਤਿਆਰੀ 'ਚ ਲੱਗ ਜਾਂਦੇ ਹਨ।

ਕਹਾਣੀ 'ਚ ਇੱਕ ਨਵਾਂ ਮੋੜ ਉਦੋਂ ਆਉਂਦਾ ਹੈ, ਜਦੋਂ ਪ੍ਰਿਆ ਨੂੰ ਅਮਿਤ ਦੇ ਰੂਮ 'ਚ ਆਪਣੀ ਡਾਇਰੀ ਦੀ ਇੱਕ ਕਾਪੀ ਮਿਲਦੀ ਹੈ ਅਤੇ ਉਹ ਸਮਝ ਜਾਂਦੀ ਹੈ ਕਿ ਅਮਿਤ ਨੇ ਉਸ ਨੂੰ ਬੇਵਕੂਫ਼ ਬਣਾਇਆ ਹੈ। ਧੋਖਾ ਦਿੱਤਾ ਹੈ ਅਤੇ ਪਿਆਰ ਦੇ ਨਾਂ 'ਤੇ ਉਸ ਨਾਲ ਖਿਲਵਾੜ ਕੀਤਾ ਹੈ। ਉੱਧਰ ਅਮਿਤ ਆਪਣੇ ਦੋਸਤਾਂ ਨਾਲ ਇੱਕ ਬਾਰ 'ਚ ਬੈਠ ਕੇ ਉਨ੍ਹਾਂ ਨੂੰ ਦੱਸਦਾ ਹੈ ਕਿ ਉਹ ਸੱਚਮੁੱਚ ਪ੍ਰਿਆ ਨੂੰ ਚਾਹੁਣ ਲੱਗਾ ਹੈ। ਉਹ ਆਖਦਾ ਹੈ ਕਿ ਉਹ ਉਸੇ ਤਰ੍ਹਾਂ ਦਾ ਇਨਸਾਨ ਬਣ ਜਾਵੇਗਾ, ਜਿਵੇਂ ਪ੍ਰਿਆ ਚਾਹੁੰਦੀ ਹੈ। ਉਹ ਉਨ੍ਹਾਂ ਸਾਰੀਆਂ ਬੁਰੀਆਂ ਆਦਤਾਂ ਨੂੰ ਛੱਡ ਦੇਵੇਗਾ, ਜਿਨ੍ਹਾਂ ਤੋਂ ਪ੍ਰਿਆ ਨੂੰ ਨਫ਼ਰਤ ਹੈ। ਉਹ ਬੀਅਰ ਦਾ ਆਖਰੀ ਗਲਾਸ ਛੱਡਦਾ ਹੈ ਅਤੇ ਸਿਗਰਟ ਸੁਲਗਾਉਂਦਾ ਹੈ। ਉਸੇ ਸਮੇਂ ਉਸ ਦੇ ਸਾਹਮਣੇ ਪ੍ਰਿਆ ਖੜ੍ਹੀ ਨਜ਼ਰ ਆਉਂਦੀ ਹੈ। ਪ੍ਰਿਆ ਉਸ ਨੂੰ ਬੁਰਾ-ਭਲਾ ਕਹਿੰਦੀ ਹੈ। ਅਮਿਤ ਉਸ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕਰਦਾ ਹੈ, ਪਰ ਉਹ ਨਹੀਂ ਸੁਣਦੀ। ਫਿਰ ਉਹ ਪ੍ਰਿਆ ਨੂੰ ਕਹਿੰਦਾ ਹੈ ਕਿ ਜੇਕਰ ਕਿਸਮਤ 'ਚ ਫਿਰ ਮੇਲ ਲਿਖਿਆ ਹੋਇਆ ਤਾਂ ਅਸੀਂ ਜ਼ਰੂਰ ਮਿਲਾਂਗੇ।

ਪ੍ਰਿਆ ਨੂੰ ਵੀ ਇਸ ਗੱਲ 'ਤੇ ਯਕੀਨ ਹੈ। ਕਈ ਸਾਲਾਂ ਬਾਅਦ ਉਨ੍ਹਾਂ ਦੀ ਦੁਨੀਆਂ ਬਹੁਤ ਬਦਲ ਗਈ ਹੁੰਦੀ ਹੈ। ਉਹ ਇਸ ਗੱਲੋਂ ਅਣਜਾਣ ਹਨ ਕਿ ਕੌਣ ਕਿੱਥੇ ਰਹਿੰਦਾ ਹੈ। ਅਮਿਤ ਅਮੇਰਿਕਾ ਬਿਜ਼ਨੈੱਸ ਮੈਨੇਜਮੈਂਟ ਦੀ ਡਿਗਰੀ ਲੈ ਕੇ ਵਾਪਸ ਆਉਂਦਾ ਹੈ। ਉਸ ਨੇ ਖ਼ੁਦ ਨੂੰ ਪ੍ਰਿਆ ਮੁਤਾਬਿਕ ਢਾਲ ਲਿਆ ਹੈ। ਪ੍ਰਿਆ ਵੀ ਇੱਕ ਸਫਲ ਮਿਊਜ਼ਿਕ ਵੀਡੀਓ ਡਾਇਰੈਕਟਰ ਬਣ ਗਈ ਹੁੰਦੀ ਹੈ। ਇਸੇ ਦੌਰਾਨ ਇੱਕ ਪੌਪ ਸਿੰਗਰ ਉਸ ਦੀ ਜ਼ਿੰਦਗੀ 'ਚ ਆਉਂਦਾ ਹੈ। ਦੋਵੇਂ ਵਿਆਹ ਵੀ ਕਰਵਾਉਣ ਵਾਲੇ ਹਨ, ਪਰ ਇੰਨੇ ਸਾਲਾਂ 'ਚ ਉਹ ਆਪਣੇ ਪਹਿਲੇ ਪਿਆਰ ਨੂੰ ਨਹੀਂ ਭੁਲਾ ਸਕੀ।

ਆਪਣੀ ਪਿਛਲੀ ਫ਼ਿਲਮ 'ਕਰਜ਼' ਦੀ ਅਸਫਲਤਾ ਤੋਂ ਬਾਅਦ ਸਤੀਸ਼ ਕੌਸ਼ਿਕ 'ਤੇਰੇ ਸੰਗ' 'ਚ ਵੀ ਆਪਣਾ ਕੋਈ ਖ਼ਾਸ ਅਸਰ ਨਾ ਛੱਡ ਸਕੇ। ਸ਼ਾਹਿਦ ਅਤੇ ਕਰੀਨਾ ਦੇ ਬ੍ਰੇਕਅੱਪ ਅਤੇ ਫ਼ਿਲਮ 'ਤੇ ਉਸ ਦੇ ਅਸਰ ਬਾਰੇ ਉਹ ਕਹਿੰਦੇ ਹਨ, "ਮੈਂ ਇਹ ਮੰਨਦਾ ਹਾਂ ਕਿ ਲੋਕ ਇਨ੍ਹਾਂ ਨੂੰ ਇਕੱਠੇ ਦੇਖਣਾ ਚਾਹੁੰਦੇ ਹਨ। ਹੀਰੋ-ਹੀਰੋਇਨ ਦੇ ਰਿਸ਼ਤਿਆਂ ਦੇ ਬਣਨ ਜਾਂ ਵਿਗੜਨ ਦੇ ਆਧਾਰ 'ਤੇ ਕਿਸੇ ਫ਼ਿਲਮ ਦੀ ਕਿਸਮਤ ਤੈਅ ਨਹੀਂ ਹੁੰਦੀ। ਜਦੋਂ ਉਹ ਸਿਨੇਮਾ ਹਾਲ 'ਚ ਬੈਠਦੇ ਹਨ ਤਾਂ ਇਹ ਸਭ ਗੱਲ ਭੁੱਲ ਜਾਂਦੇ ਹਨ।"

ਐੱਸ. ਕੇ. ਬੈਨਰ ਹੇਠ ਬਣੀ ਨਿਰਮਾਤਾ ਬੋਨੀ ਕਪੂਰ ਦੀ ਇਸ ਫ਼ਿਲਮ ਦਾ ਨਿਰਦੇਸ਼ਨ ਸਤੀਸ਼ ਕੌਸ਼ਿਕ ਨੇ ਕੀਤਾ ਹੈ। ਇਸ ਫ਼ਿਲਮ ਦੀ ਕਹਾਣੀ, ਸਕ੍ਰਿਪਟ ਅਤੇ ਸੰਵਾਦ ਸ਼ਿਰਾਜ਼ ਅਹਿਮਦ ਨੇ ਲਿਖੇ ਹਨ। ਗੀਤਕਾਰ ਸਮੀਰ ਅਤੇ ਸੰਗੀਤਕਾਰ ਹਿਮੇਸ਼ ਰੇਸ਼ਮੀਆ ਹਨ। ਫ਼ਿਲਮ ਦੇ ਬਾਕੀ ਕਲਾਕਾਰਾਂ 'ਚ ਆਰਤੀ ਛਾਬੜੀਆ, ਸਤੀਸ਼ ਸ਼ਾਹ, ਡੇਲਨਾਜ਼ ਪਾਲ, ਕਿਰਨ ਖੇਰ, ਹਿਮਾਨੀ ਸ਼ਿਵਪੁਰੀ, ਸਤੀਸ਼ ਕੌਸ਼ਿਕ, ਸਰਫਰਾਜ਼ ਖ਼ਾਨ ਅਤੇ ਪਾਮਿਨੀ ਰਾਜਕੁਮਾਰ ਮੁੱਖ ਹਨ।